**ਦੱਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ, ਕਮ ਸਟੇਟ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ।**
**ਐਸ.ਸੀ.ਓ. 104-106, ਦੂਸਰੀ ਅਤੇ ਤੀਸਰੀ ਮੰਜਿਲ, ਸੈਕਟਰ 34-ਏ,**

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ),
ਪੰਜਾਬ।

ਮੀਮੋ ਨੰ: ਡੀ.ਜੀ.ਐਸ.ਈ/ਆਰ.ਟੀ.ਈ./2013/003507
ਮਿਤੀ , ਚੰਡੀਗੜ੍ਹ 18/2/13

ਵਿਸ਼ਾ:- **ਬੱਚਿਆਂ ਦਾ ਮੁਫਤ ਅਤੇ ਲਾਜਮੀ ਸਿੱਖਿਆ ਦਾ ਅਧਿਕਾਰ ਨਿਯਮ, 2011 ਦੇ ਨਿਯਮ 11(1) ਅਧੀਨ ਸੋਧ ਸਬੰਧੀ ਸੂਚਨਾ ਜਾਰੀ ਕਰਨ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਵਲੋਂ ਆਰ.ਟੀ.ਈ ਐਕਟ, 2009 ਤਹਿਤ ਬੱਚਿਆਂ ਦਾ ਮੁਫਤ ਅਤੇ ਲਾਜਮੀ ਸਿੱਖਿਆ ਦਾ ਅਧਿਕਾਰ ਨਿਯਮ, 2011 ਦੇ ਨਿਯਮ 11(1) ਵਿੱਚ ਕੀਤੀ ਹਾਲੀਆ ਸੋਧ ਅਨੁਸਾਰ ਪ੍ਰਾਈਵੇਟ ਖੇਤਰ ਦੇ ਪ੍ਰੀ-ਪ੍ਰਾਇਮਰੀ/ਪ੍ਰਾਇਮਰੀ/ਅੱਪਰ ਪ੍ਰਾਇਮਰੀ ਸਕੂਲਾਂ ਵਲੋਂ ਨਿਯਮਾਂ ਅਧੀਨ ਮਾਨਤਾ ਲੈਣ ਲਈ ਘੋਸ਼ਣਾ ਪੱਤਰ ਫਾਰਮ ਨੰ:1 ਵਿੱਚ ਭਰ ਕੇ ਦੇਣ ਦੀ ਮਿਆਦ ਜਨਤਕ ਹਿੱਤ ਵਿੱਚ ਦੁਬਾਰਾ ਵਧਾਈ ਗਈ ਹੈ। ਹੁਣ ਪ੍ਰਾਈਵੇਟ ਸਕੂਲ ਮਾਨਤਾ ਪ੍ਰਾਪਤ ਕਰਨ ਲਈ ਨਿਯਮਾਂ ਵਿੱਚ ਦਿੱਤੇ ਫਾਰਮ ਨੰ:1 ਵਿੱਚ ਸਵੈ-ਘੋਸ਼ਣਾ ਪੱਤਰ ਭਰ ਕੇ ਮਿਤੀ 12 ਮਾਰਚ 2013 ਤੱਕ ਦੇ ਸਕਦੇ ਹਨ। ਇਸ ਸਬੰਧੀ ਇੱਕ ਪਬਲਿਕ ਨੋਟਿਸ ਵੀ ਅਖਬਾਰਾਂ ਵਿੱਚ ਇਸ ਦਫਤਰ ਵਲੋਂ ਜਾਰੀ ਕੀਤਾ ਗਿਆ ਹੈ।

ਸਰਕਾਰ ਵਲੋਂ ਵਧਾਈ ਗਈ ਮਿਆਦ ਦੇ ਅਧਾਰ ਤੇ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਿਹੜੇ ਪ੍ਰਾਈਵੇਟ ਸਕੂਲਾਂ ਵਲੋ ਅਜੇ ਤੱਕ ਨਿਯਮਾਂ ਅਧੀਨ ਮਾਨਤਾ ਲੈਣ ਲਈ ਫਾਰਮ ਨੰ:1 ਵਿੱਚ ਸਵੈ-ਘੋਸ਼ਣਾ ਪੱਤਰ ਭਰ ਕੇ ਜਮ੍ਹਾ ਨਹੀ ਕਰਵਾਇਆ, ਅਜਿਹੇ ਸਕੂਲਾਂ ਨੂੰ ਸਰਕਾਰ ਵਲੋਂ ਮਾਨਤਾ ਲੈਣ ਲਈ ਵਧਾਈ ਮਿਆਦ ਦੀ ਜਾਣਕਾਰੀ ਨਿੱਜੀ ਤੌਰ ਤੇ ਪਹੁੰਚਾਈ ਜਾਣੀ ਯਕੀਨੀ ਬਣਾਈ ਜਾਵੇ ਕਿਉਂਕਿ ਆਪ ਵਲੋਂ ਪ੍ਰਾਪਤ ਸੂਚਨਾਂ ਅਨੁਸਾਰ ਪੰਜਾਬ ਵਿੱਚ ਕੁੱਲ 9300 ਦੇ ਕਰੀਬ ਸਕੂਲਾਂ ਵਿਚੋ ਕਰੀਬ 1673 ਸਕੂਲ ਮਿੱਥੇ ਸਮੇਂ ਅੰਦਰ ਮਾਨਤਾ ਲੈਣ ਲਈ ਘੋਸ਼ਣਾ ਪੱਤਰ ਫਾਰਮ ਨੰ:1 ਵਿੱਚ ਭਰ ਕੇ ਦੇਣ ਤੋ ਅੱਸਮਰਥ ਰਹੇ ਸਨ। ਆਪ ਵਲੋਂ ਇਹ ਵੀ ਦੱਸਿਆ ਗਿਆ ਸੀ ਕਿ ਅਜਿਹੇ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਦੀ ਕੁੱਲ ਸੰਖਿਆਂ 1 ਲੱਖ 72 ਹਜਾਰ ਦੇ ਕਰੀਬ ਹੈ। ਇਸ ਲਈ ਇਹਨਾਂ ਸਕੂਲਾਂ ਵਿੱਚ ਪੜਦੇ ਬੱਚਿਆਂ ਦੇ ਭਵਿੱਖ ਨੂੰ ਦੇਖਦੇ ਹੋਏ ਅਤੇ ਇਸ ਸਬੰਧੀ ਉੱਕਤ ਦੱਸੇ ਐਕਟ ਅਤੇ ਨਿਯਮਾਂ ਦੇ ਉਪਬੰਧਾਂ ਅਨੁਸਾਰ ਇਹਨਾਂ ਸਕੂਲਾਂ ਨੂੰ ਮਾਨਤਾ ਲੈਣ ਲਈ ਕਿਹਾ ਜਾਵੇ ਅਤੇ ਨਿਯਮਾਂ ਅਧੀਨ ਮਾਨਤਾ ਲੈਣ ਲਈ ਸਵੈ-ਘੋਸ਼ਣਾ ਪੱਤਰ ਫਾਰਮ ਨੰ:1 ਵਿੱਚ ਭਰ ਕੇ ਜਮਾਂ ਕਰਵਾਇਆ ਜਾਵੇ।

ਅਜਿਹੇ ਸਕੂਲਾਂ ਨੂੰ ਇਸ ਗੱਲ ਦੀ ਜਾਣਕਾਰੀ ਦਿੱਤੀ ਜਾਵੇ ਕਿ ਜੇਕਰ ਹੁਣ ਵੀ ਕਿਸੇ ਸਕੂਲ ਵਲੋਂ ਨਿਯਮਾਂ ਅਧੀਨ ਮਾਨਤਾ ਲੈਣ ਲਈ ਸਵੈ-ਘੋਸ਼ਣਾ ਪੱਤਰ ਫਾਰਮ ਨੰ:1 ਵਿੱਚ ਭਰ ਕੇ ਨਹੀ ਦਿੱਤਾ ਜਾਂਦਾ ਤਾਂ ਮਾਨਤਾ ਲੈਣ ਲਈ ਕੋਈ ਵੀ ਹੋਰ ਮੌਕਾ ਨਹੀ ਦਿੱਤਾ ਜਾਵੇਗਾ ਅਤੇ ਅਜਿਹੇ ਸਕੂਲਾਂ ਨੂੰ ਬੱਚਿਆਂ ਦਾ ਮੁਫਤ ਅਤੇ

ਲਾਜ਼ਮੀ ਸਿੱਖਿਆ ਦਾ ਅਧਿਕਾਰ ਐਕਟ, 2009 ਦੀ ਧਾਰਾ 19 ਅਧੀਨ ਮਿਤੀ 31-03-2013 ਤੋ ਬਾਅਦ ਬੰਦ ਕਰ ਦਿੱਤਾ ਜਾਵੇਗਾ।

ਹੁਕਮਾਂ ਅਤੇ ਨਿਯਮਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਸਕੱਤਰ ਕਮ ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।

ਸਕੱਤਰ ਕਮ ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ